# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ ਅਨੁਪੂਰਕ ਪਰੀਖਿਆ

## ਜੂਨ–2017

### ਕੇਵਲ ਰੀ–ਅਪੀਅਰ (ਰੈਗੂਲਰ ) ਪਰੀਖਿਆ ਸਬੰਧੀ

## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

(ਪੰਜਾਬ)

# ਪੰਜਾਬ ਸਕੂਲ ਸਿੱਖਿਆ ਬੋਰਡ

## ਮੈਟ੍ਰਿਕੁਲੇਸ਼ਨ ਅਨੁਪੂਰਕ ਪਰੀਖਿਆ ਜੂਨ–2017 ਰੀ-ਅਪੀਅਰ ਰੈਗੂਲਰ ਵਾਲੇ ਉਮੀਦਵਾਰਾਂ ਲਈ ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਸੂਚਨਾਵਾਂ/ਹਦਾਇਤਾਂ

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

1.3 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਨਹੀਂ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.4 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.5 ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.6 ਰੋਲ ਨੰਬਰ ਕੇਵਲ ਬੋਰਡ ਦੀ ਵੈਬਸਾਈਟ ਤੇ ਹੀ ਉਪਲੱਬਧ ਹੋਣਗੇ ਅਤੇ ਡਾਕ ਰਾਹੀਂ ਕੋਈ ਰੋਲ ਨੰਬਰ ਨਹੀਂ ਭੇਜਿਆ ਜਾਵੇਗਾ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.7 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.8 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

1.9 ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਰੀ-ਅਪੀਅਰ ਉਮੀਦਵਾਰ ਹੀ ਰੀ-ਅਪੀਅਰ ਦੀ ਪਰੀਖਿਆ ਦੇਣ ਦੇ ਯੋਗ ਹੋਣਗੇ।

1.10 ਉਮੀਦਵਾਰ ਆਪਣੇ ਪਰੀਖਿਆ ਫਾਰਮ ਅਤੇ ਫੀਸ ਦਾ ਚਲਾਨ ਇਕੱਠੇ ਜਮ੍ਹਾਂ ਕਰਵਾਉਣਗੇ।

**2. ਪਾਸ ਫਾਰਮੂਲਾ :-**

ਪਰੀਖਿਆਰਥੀ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੈ ਅਤੇ ਪਰੀਖਿਆਰਥੀ ਨੂੰ ਹਰੇਕ ਵਿਸ਼ੇ ਵਿੱਚ ਲਿਖਤੀ, ਪ੍ਰਯੋਗੀ ਅਤੇ ਸੀ.ਸੀ.ਈ. ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਇਸ ਉਪਰੰਤ ਪਰੀਖਿਆਰਥੀ ਨੂੰ ਵਿਸ਼ੇ ਵਿੱਚ ਪਾਸ ਘੋਸ਼ਿਤ ਕੀਤਾ ਜਾਵੇਗਾ।

**3. ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ:-**

3.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨ:- ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜ਼ਿਲ੍ਹਾ/ਮੰਡਲ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

3.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨ:- **(ੳ) ਨੰ.4.1** ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ (ਅ) ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ। ਜਾਂ (ੲ) ਪਹਿਲੇ ਦਰਜੇ ਦਾ ਮੈਜਿਸਟ੍ਰੇਟ।

3.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ।

3.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰਜਮੈਂਟ /ਕੰਪਨੀ ਅਫ਼ਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

3.5 ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਆਉਣ ਵਾਲੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਉਸੇ ਅਧਿਐਨ ਕੇਂਦਰ ਦੇ ਮੁਖੀ ਕੋਲੋਂ ਤਸਦੀਕ ਕਰਵਾਉਣ ਜਿਸ ਰਾਹੀਂ ਉਨ੍ਹਾਂ ਨੇ ਪਹਿਲੀ ਵਾਰ ਪਰੀਖਿਆ ਦਿੱਤੀ ਸੀ।

**4. ਪਰੀਖਿਆ ਦਾ ਸ਼ਡਿਊਲ :**

4.1 ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕਰ ਸਕਦੇ ਹਨ।

## 5. **ਪਰੀਖਿਆ ਫੀਸ ਅਤੇ ਫਾਰਮ ਜਮ੍ਹਾਂ ਕਰਵਾਉਣ ਦਾ ਸ਼ਡਿਊਲ :-**

**ਪਰੀਖਿਆ ਫੀਸ :- ਰੀ-ਅਪੀਅਰ ਰੈਗੂਲਰ ਲਈ 1050/- ਰੁਪਏ (ਉੱਕਾ ਪੁੱਕਾ)**

| **ਪਰੀਖਿਆ ਫੀਸ**<br>**ਦਸਵੀਂ ਲਈ 1050/- ਰੁਪਏ** | **ਪ੍ਰੀਖਿਆ ਫੀਸ ਬਿਨਾਂ ਲੇਟ ਫੀਸ ਨਾਲ** | **ਪ੍ਰੀਖਿਆ ਫੀਸ + 1000/- ਰੁ: ਲੇਟ ਫੀਸ ਨਾਲ** | **ਪ੍ਰੀਖਿਆ ਫੀਸ + 2000/- ਰੁ: ਲੇਟ ਫੀਸ ਨਾਲ** |
|---|---|---|---|
| **ਫਾਰਮ ਭਰਨ ਅਤੇ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ** | 31-05-2017 | 06-06-2017 | 12-06-2017 |
| **ਬੈਂਕ ਵਿੱਚ ਫੀਸ / ਚਲਾਨ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ** | 02-06-2017 | 08-06-2017 | 14-06-2017 |
| **ਪਰੀਖਿਆ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ** | 06-06-2017 | 12-06-2017 | 19-06-2017 |

ਨੋਟ :- **ਬੈਂਕ ਦੁਆਰਾ ਫੀਸ ਵੈਰੀਫਾਈ ਕਰਨ ਉਪਰੰਤ ਆਨਲਾਈਨ ਪ੍ਰੀਖਿਆ ਫਾਰਮ ਪ੍ਰਿੰਟ ਕਰਵਾ ਕੇ ਸਮੇਤ ਚਲਾਨ ਦੀ ਕਾਪੀ ਉਕਤ ਦਰਜ ਪਰੀਖਿਆ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਨਿਰਧਾਰਿਤ ਮਿਤੀ ਤੱਕ ਬਿਨ੍ਹਾ ਲੇਟ ਫੀਸ ਵਾਲਾ ਬੋਰਡ ਦੇ ਜਿਲ੍ਹਾ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਅਤੇ ਲੇਟ ਫੀਸ ਵਾਲਾ ਕੇਵਲ ਮੁੱਖ ਦਫਤਰ, ਐੱਸ.ਏ.ਨਗਰ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ। ਜੇਕਰ ਕੋਈ ਪਰੀਖਿਆਰਥੀ ਪਰੀਖਿਆ ਫੀਸ ਜਮ੍ਹਾਂ ਕਰਵਾਉਣ ਉਪਰੰਤ ਪਰੀਖਿਆ ਫਾਰਮ ਜਮ੍ਹਾਂ ਨਹੀਂ ਕਰਵਾਏਗਾ ਤਾਂ ਉਸਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ।**

5.1 ਪ੍ਰੀਖਿਆ ਫੀਸ ਕੇਵਲ ਆਨਲਾਈਨ ਜਨਰੇਟ ਕੀਤੇ ਚਲਾਨ ਰਾਹੀਂ ਚਲਾਨ ਉੱਪਰ ਦਰਸਾਈ ਅੰਤਿਮ ਮਿਤੀ (Challan Valid Date) ਤੱਕ ਹੀ ਪੰਜਾਬ ਨੈਸ਼ਨਲ ਬੈਂਕ ਜਾਂ ਸਟੇਟ ਬੈਂਕ ਆਫ ਇੰਡੀਆ (ਜਿਸ ਬੈਂਕ ਦਾ ਚਲਾਨ ਜਨਰੇਟ ਕੀਤਾ ਗਿਆ ਹੈ) ਵਿਖੇ ਜਮ੍ਹਾਂ ਹੋਵੇਗੀ। ਚਲਾਨ ਜਨਰੇਟ ਕਰਨ ਤੋਂ 24 ਘੰਟੇ ਬਾਅਦ ਹੀ ਫੀਸ ਬੈਂਕ ਵਿੱਚ ਜਮ੍ਹਾਂ ਕਰਵਾਈ ਜਾ ਸਕੇਗੀ।

5.2 ਬੈਂਕ ਵਿੱਚ ਫੀਸ ਜਮ੍ਹਾਂ ਹੋਣ ਤੋਂ ਬਾਅਦ ਬੈਂਕ ਦੁਆਰਾ ਫੀਸ ਕੰਨਫਰਮ ਕਰਨ ਉਪਰੰਤ ਹੀ ਆਨਲਾਈਨ ਪ੍ਰੀਖਿਆ ਫਾਰਮ ਪ੍ਰਿੰਟ ਕੀਤਾ ਜਾ ਸਕੇਗਾ। (ਫੀਸ ਵੈਰੀਫਾਈ ਹੋਣ ਲਈ 48 ਘੰਟੇ ਤੱਕ ਦਾ ਸਮਾਂ ਲੱਗ ਸਕਦਾ ਹੈ)

5.3 ਬੈਂਕ ਦੁਆਰਾ ਫੀਸ ਵੈਰੀਫਾਈ ਕਰਨ ਉਪਰੰਤ ਆਨਲਾਈਨ ਪ੍ਰੀਖਿਆ ਫਾਰਮ ਪ੍ਰਿੰਟ ਕਰਵਾ ਕੇ ਸਮੇਤ ਚਲਾਨ ਦੀ ਕਾਪੀ ਉਕਤ ਦਰਜ ਪਰੀਖਿਆ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਨਿਰਧਾਰਿਤ ਮਿਤੀ ਤੱਕ ਬਿਨ੍ਹਾ ਲੇਟ ਫੀਸ ਵਾਲਾ ਫਾਰਮ ਬੋਰਡ ਦੇ ਜਿਲ੍ਹਾ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਅਤੇ ਲੇਟ ਫੀਸ ਵਾਲਾ ਫਾਰਮ ਕੇਵਲ ਮੁੱਖ ਦਫਤਰ, ਐੱਸ.ਏ.ਨਗਰ ਵਿਖੇ ਜਮ੍ਹਾਂ ਕਰਵਾਇਆ ਜਾਵੇ। ਪਰੀਖਿਆ ਫਾਰਮ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਹੀ ਜਮ੍ਹਾਂ ਕਰਵਾਇਆ ਜਾਵੇ। ਅਧੂਰਾ ਫਾਰਮ ਰੱਦ ਕਰ ਦਿੱਤਾ ਜਾਵੇਗਾ।

5.4 ਰੋਲ ਨੰਬਰ ਕੇਵਲ ਬੋਰਡ ਦੀ ਵੈਬਸਾਈਟ ਤੇ ਉਪਲੱਬਧ ਹੋਣਗੇ ਅਤੇ ਡਾਕ ਰਾਹੀਂ ਕੋਈ ਰੋਲ ਨੰਬਰ ਨਹੀਂ ਭੇਜਿਆ ਜਾਵੇਗਾ।

## 6. ਆਨਲਾਈਨ ਪ੍ਰੀਖਿਆ ਫਾਰਮ ਹੇਠ ਲਿਖੇ ਅਨੁਸਾਰ ਭਰਿਆ ਜਾਵੇ :-

**6.1** ਬੋਰਡ ਦੀ ਵੈੱਬ ਸਾਈਟ www.pseb.ac.in ਨੂੰ ਖੋਲਿਆ ਜਾਵੇ ਅਤੇ ਇਸ ਉੱਪਰ ਦਿੱਤੇ ਹੋਏ Online Addmission Form ਸੈਕਸ਼ਨ ਤੇ ਕਲਿੱਕ ਕੀਤਾ ਜਾਵੇ।

**6.2** Online Addmission Form ਸੈਕਸ਼ਨ ਅਧੀਨ ਆਪਣੀ ਸ਼੍ਰੇਣੀ ਅਤੇ ਕੈਟਾਗਰੀ ਨਾਲ ਸਬੰਧਤ ਲਿੰਕ ਤੇ ਕਲਿੱਕ ਕੀਤਾ ਜਾਵੇ।

**6.3** ਕਲਿੱਕ ਕਰਨ ਉਪਰੰਤ ਫਾਰਮ ਭਰਨ ਲਈ ਆਨਲਾਈਨ ਐਪਲੀਕੇਸ਼ਨ ਖੁੱਲੇਗੀ। ਇਸ ਪੇਜ ਉੱਪਰ ਇੱਕ ਪਾਸੇ ਪ੍ਰਾਸਪੈਕਟ ਅਤੇ ਜਰੂਰੀ ਹਦਾਇਤਾਂ ਦਿੱਤੀਆਂ ਗਈਆਂ ਹਨ, ਇਹਨਾਂ ਨੂੰ ਫਾਰਮ ਭਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ ਅਤੇ ਦੂਸਰੇ ਪਾਸੇ ਹੇਠ ਲਿਖੇ 3 ਲਿੰਕ ਦਿੱਤੇ ਗਏ ਹਨ :-

**6.3.1 New User ? Click Here To Register**

ਜਿਸ ਵੀ ਪ੍ਰੀਖਿਆਰਥੀ ਨੇ ਫਾਰਮ ਭਰਨਾ ਹੈ, ਉਸ ਲਈ ਇੱਕ ਵਾਰੀ ਇਸ ਲਿੰਕ ਤੇ ਕਲਿੱਕ ਕਰਕੇ ਰਜਿਸਟਰ ਕਰਨਾ ਜਰੂਰੀ ਹੈ। ਰਜਿਸਟਰ ਕਰਨ ਲਈ ਸ਼੍ਰੇਣੀ, ਫਾਰਮ ਦੀ ਕੈਟਾਗਰੀ ਭਾਵ ਕੰਪਾਰਟਮੈਂਟ, ਰੀ-ਅਪੀਅਰ, ਵਾਧੂ ਵਿਸ਼ਾ ਆਦਿ, ਸੈਸ਼ਨ, ਰੋਲ ਨੰਬਰ, ਈ. ਮੇਲ ਅਤੇ ਕੈਪਚਾ ਭਰਕੇ ਸਬਮਿਟ ਕੀਤਾ ਜਾਵੇ। ਸਬਮਿਟ ਕਰਨ ਉਪਰੰਤ ਫਾਰਮ ਖੁੱਲ ਜਾਵੇਗਾ, ਫਾਰਮ ਵਿੱਚ ਦਿੱਤੇ ਸਾਰੇ ਕਾਲਮ ਧਿਆਨ ਨਾਲ ਭਰੇ ਜਾਣ। ਉਸ ਫਾਰਮ ਉੱਪਰ ਇੱਕ ਰੈਫਰੈਂਸ ਨੰ. ਜਾਰੀ ਕੀਤਾ ਜਾਵੇਗਾ, ਉਸਨੂੰ ਨੋਟ ਕਰਕੇ ਰੱਖਣਾ ਯਕੀਨੀ ਬਣਾਇਆ ਜਾਵੇ। ਇੱਕ ਵਾਰ ਰਜਿਸਟਰ ਕਰਨ ਤੋਂ ਬਾਅਦ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ।

**6.3.2 If you have Registered & have Ref. No Click Here To Login**

ਜੋ ਪ੍ਰੀਖਿਆਰਥੀ ਰਜਿਸਟਰ ਕਰ ਚੁੱਕਾ ਹੈ ਅਤੇ ਉਸ ਕੋਲ ਰੈਫਰੈਂਸ ਨੰਬਰ ਹੈ ਤਾਂ ਇਸ ਲਿੰਕ ਕਰਕੇ ਲਾਗਇੰਨ ਕਰੇਗਾ ਅਤੇ ਉਸਦਾ ਫਾਰਮ ਖੁੱਲ ਜਾਵੇਗਾ। ਇਸ ਉਪਰੰਤ ਚਲਾਨ ਜਨਰੇਟ ਕੀਤਾ ਜਾਂ ਐਪਲੀਕੇਸ਼ਨ ਫਾਰਮ ਪ੍ਰਿੰਟ ਕੀਤਾ ਜਾ ਸਕਦਾ ਹੈ।

**6.3.3 Forgot Ref. No? Click Here**

ਇਹ ਲਿੰਕ ਉਹਨਾਂ ਪ੍ਰੀਖਿਆਰਥੀਆਂ ਲਈ ਹੈ, ਜਿੰਨਾਂ ਨੇ ਪਹਿਲੇ ਲਿੰਕ ਰਾਹੀਂ ਇੱਕ ਵਾਰੀ ਰਜਿਸਟਰ ਕਰ ਲਿਆ ਸੀ, ਪ੍ਰੰਤੂ ਉਹ ਆਪਣਾ ਰੈਫਰੈਂਸ ਨੰਬਰ ਭੁੱਲ ਗਏ ਹਨ। ਉਹ ਇਸ ਲਿੰਕ ਰਾਹੀਂ ਦਿੱਤੇ ਕਾਲਮਾਂ ਵਿੱਚ ਮੰਗੀ ਸੂਚਨਾਂ ਭਰ ਕੇ ਆਪਣਾ ਰੈਫਰੈਂਸ ਨੰਬਰ ਦੇਖ ਸਕਦੇ ਹਨ।

**6.4** ਫਾਰਮ ਵਿੱਚ ਦਿੱਤੇ ਸਾਰੇ ਕਾਲਮ ਭਰਕੇ ਫਾਰਮ ਸੇਵ ਕਰ ਦਿੱਤਾ ਜਾਵੇ ਅਤੇ ਫਾਰਮ ਨੂੰ ਦੁਬਾਰਾ ਚੰਗੀ ਤਰ੍ਹਾਂ ਵਾਚਣ ਉਪਰੰਤ ਜਨਰੇਟ ਚਾਲਾਨ ਤੇ ਕਲਿੱਕ ਕੀਤਾ ਜਾਵੇ। ਚਲਾਨ ਜਨਰੇਟ ਹੋਣ ਉਪਰੰਤ ਫਾਰਮ ਵਿੱਚ ਭਰੇ ਵੇਰਵਿਆ ਵਿੱਚ ਕੋਈ ਵੀ ਸੋਧ ਨਹੀਂ ਕੀਤੀ ਜਾ ਸਕੇਗੀ। ਜੇਕਰ ਕੋਈ ਸੋਧ ਕਰਨੀ ਹੈ ਤਾਂ ਪ੍ਰੀਖਿਆ ਫਾਰਮ ਪ੍ਰਿੰਟ ਹੋਣ ਉਪਰੰਤ ਫਾਰਮ ਉੱਪਰ ਪੈਨ ਨਾਲ ਸੋਧ ਕਰ ਦਿੱਤੀ ਜਾਵੇ, ਆਨਲਾਈਨ ਦੁਬਾਰਾ ਫਾਰਮ ਨਹੀਂ ਭਰਿਆ ਜਾ ਸਕਦਾ।

6.5 ਚਲਾਨ ਜਨਰੇਟ ਕਰਨ ਉਪਰੰਤ 24 ਘੰਟੇ ਬਾਅਦ ਬੈਂਕ ਵਿੱਚ ਫੀਸ ਭਰਨ ਲਈ ਜਾਇਆ ਜਾਵੇ। ਬੈਂਕ ਵਿੱਚ ਫੀਸ ਭਰਨ ਉਪਰੰਤ 24 ਤੋਂ 48 ਘੰਟੇ ਵਿੱਚ ਬੈਂਕ ਦੁਆਰਾ ਫੀਸ ਵੈਰੀਫਾਈ ਕਰ ਦਿੱਤੀ ਜਾਵੇਗੀ। ਫੀਸ ਵੈਰੀਫਾਈ ਹੋਣ ਉਪਰੰਤ ਹੀ ਪ੍ਰੀਖਿਆਰਥੀ ਆਪਣਾ ਪ੍ਰੀਖਿਆ ਫਾਰਮ ਕਮ ਐਪਲੀਕੇਸ਼ਨ ਫਾਰਮ ਪ੍ਰਿੰਟ ਕਰ ਸਕਦਾ ਹੈ।

6.6 ਪ੍ਰੀਖਿਆ ਫਾਰਮ ਪ੍ਰਿੰਟ ਕਰਵਾ ਕੇ ਸਕੂਲ ਤੋਂ ਤਸਦੀਕ ਕਰਵਾ ਕੇ ਸਮੇਤ ਚਲਾਨ ਦੀ ਕਾਪੀ ਲਗਾਉਣ ਉਪਰੰਤ ਸ਼ਡਿਊਲ ਮੁਤਾਬਕ ਜਿਲ੍ਹਾ ਖੇਤਰੀ ਦਫਤਰ ਜਾਂ ਮੁੱਖ ਦਫਤਰ, ਐੱਸ.ਏ.ਐੱਸ. ਨਗਰ ਵਿਖੇ ਜਮ੍ਹਾਂ ਕਰਵਾਇਆ ਜਾਵੇ।

6.7 ਪ੍ਰੀਖਿਆਰਥੀਆਂ ਦੇ ਰੋਲ ਨੰਬਰ ਬੋਰਡ ਦੀ ਵੈੱਬ ਸਾਈਟ ਤੋਂ ਸਿੱਧੇ ਤੌਰ ਤੇ ਰੋਲ ਨੰਬਰ ਸੈਕਸ਼ਨ ਅਧੀਨ ਦਿੱਤੇ ਲਿੰਕ ਤੇ ਜਾ ਕੇ ਡਾਊਨਲੋਡ ਕੀਤੇ ਜਾਣ।

7. ਉਮੀਦਵਾਰ ਕੇਵਲ ਤਹਿਸੀਲ/ਜਿਲਾ ਹੈਡਕੁਆਟਰ ਤੇ ਬਣੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।

| ਜਿਲ੍ਹਿਆਂ ਦੇ ਨਾਮ ਅਤੇ ਕੋਡ | | ਵਿਸ਼ਾ ਕੋਡ | ਵਿਸ਼ੇ |
|---|---|---|---|
| ਜਿਲਾ ਕੋਡ | ਜਿਲ੍ਹੇ ਦਾ ਨਾਂ | 15 | FRENCH |
| 010 | ਅੰਮ੍ਰਿਤਸਰ | 16 | GERMAN |
| 020 | ਬਠਿੰਡਾ | 50 | KOREAN |
| 025 | ਬਰਨਾਲਾ | 69 | YOGA |
| 030 | ਫਰੀਦਕੋਟ | 28 | MECH. DRAWING & PAINTING |
| 040 | ਫਤਹਿਗੜ੍ਹ ਸਾਹਿਬ | 29 | CUTT. & TAILORING |
| 045 | ਫਾਜ਼ਿਲਕਾ | 30 | MUSIC (VOCAL) |
| 050 | ਫਿਰੋਜ਼ਪੁਰ | 31 | MUSIC (INSTR.) |
| 060 | ਗੁਰਦਾਸਪੁਰ | 32 | MUSIC (TABLA) |
| 070 | ਹੁਸ਼ਿਆਰਪੁਰ | 33 | HOME SCIENCE |
| 080 | ਜਲੰਧਰ | 35 | AGRICULTURE |
| 090 | ਕਪੂਰਥਲਾ | 38 | REP & MAINT OF HHEA |
| 100 | ਲੁਧਿਆਣਾ | 39 | ELECTRONIC TECHNOLOGY |
| 110 | ਮਾਨਸਾ | 40 | REPAIR & MAINTENANCE OF FARM POWER & MACHINERY |
| 120 | ਮੋਗਾ | 41 | WELDING |
| 130 | ਸ਼੍ਰੀ ਮੁਕਤਸਰ ਸਾਹਿਬ | 42 | REP & MAINT OF SCOOTER & MOTORCYCLE |
| 140 | ਸ਼ਹੀਦ ਭਗਤ ਸਿੰਘ .ਨਗਰ | 43 | BASIC GARMENT TECHNOLOGY |
| 145 | ਪਠਾਨਕੋਟ | 44 | WOOD CRAFT |
| 150 | ਪਟਿਆਲਾ | 45 | BASIC OFFICE WORK & STENOGRAPHY |
| 160 | ਰੂਪਨਗਰ | 46 | GENERAL HOTRICULTURE |
| 165 | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 47 | KNITTING (HAND & MACHINE) |
| 170 | ਸੰਗਰੂਰ | 48 | ENGG. DRAFTING & DUPLICATING |
| 175 | ਤਰਨਤਾਰਨ | 34 | COMPUTER SCINCE (PRE-VOCATIONAL) |
| 180 | ਚੰਡੀਗੜ੍ਹ ਤੇ ਦੂਜੇ ਰਾਜ | 49 | FOOD PRESERVATION |
| ਵਿਸ਼ੇ ਵਾਰ ਵਿਸ਼ਾ ਕੋਡ | | 51 | WEAVING TECHNOLOGY |
| ਵਿਸ਼ਾ ਕੋਡ | ਵਿਸ਼ੇ | 52 | COMMERCIAL ART |
| 01 | PUNJABI | 53 | MANUFACTURING OF SPORTS GOODS |
| 07 | PUNJAB HISTORY AND CULTURE | 54 | MANUFACTURING OF LEATHER GOODS |
| 02 | ENGLISH | 71 | URDU (INLIEU OF HINDI) |
| 03 | HINDI | 72 | PUNJABI - B |
| 04 | MATHEMATICS | 73 | PUNJAB HISTORY AND CULTURE PAPER-B |
| 05 | SCIENCE | 75 | URDU (OLD) |
| 06 | SOCIAL STUDIES | 76 | ORGANISED RETAIL |
| 08 | HEALTH & PHY. EDU. | 78 | EXCITING WORLD OF AUTOMOBILE |
| 63 | COMPUTER SCIENCE | 79 | HEALTH CARE |
| 09 | SANSKRIT | 80 | INFORMATION TECHNOLOGY |
| 18 | RUSSIAN | 81 | PRIVATE SECURITY |
| 10 | URDU ELECTIVE | 82 | BEAUTY AND WELLNESS |
| 11 | PERSIAN | 83 | TRAVEL AND TOURISM |
| 12 | ARABIC | 84 | SPORTS AND PHYSICAL EDUCATION |
| 68 | SPANISH | 85 | ON THE JOB TRAINING |